ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਬਠਿੰਡਾ

# ਜਦੋਂ ਕੁਝ ਸ਼ਰਧਾਲੂਆਂ ਨੇ ਕੀਤੀ ਕੜਾਹ ਪ੍ਰਸ਼ਾਦ ਦੀ ਫਰਮਾਇਸ਼ ਤਾਂ ਸਭਨਾਂ ਲਈ ਬਣ ਕੇ ਆ ਗਈ ਦੇਗ

## -ਯਾਤਰੀਆਂ ਨੇ ਸਰਕਾਰੀ ਪ੍ਰਬੰਧਾਂ ਨੂੰ ਸਰਾਹਿਆ

ਬਠਿੰਡਾ, 4 ਮਈ-

ਬਠਿੰਡਾ ਸ਼ਹਿਰ ਦੇ ਮੈਰੀਟੋਰੀਅਸ ਸਕੂਲ ਵਿਚ ਬਣੇ ਇਕਾਂਤਵਾਸ ਕੇਂਦਰ ਵਿਚ ਠਹਿਰੇ ਕੁਝ ਸ਼ਰਧਾਲੂਆਂ ਨੇ ਬੀਤੀ ਸ਼ਾਮ ਕੜਾਹ ਪ੍ਰਸ਼ਾਦ ਖਾਣ ਦੀ ਫਰਮਾਇਸ ਕੀਤੀ ਜਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਫੈਸਲਾ ਕੀਤਾ ਕਿ ਸਿਰਫ ਮੰਗ ਕਰਨ ਵਾਲਿਆਂ ਨੂੰ ਹੀ ਨਹੀਂ ਸਗੋਂ ਸ਼ਹਿਰ ਵਿਚ ਬਣੇ ਦੋਨੋਂ ਇਕਾਂਤਵਾਸ ਕੇਂਦਰਾਂ ਵਿਚ ਰਹਿ ਰਹੇ ਸਾਰੇ ਯਾਤਰੀਆਂ ਅਤੇ ਡਾਕਟਰੀ ਅਮਲੇ ਨੂੰ ਕੜਾਹ ਪ੍ਰਸ਼ਾਦ ਦੀ ਦੇਗ ਖੁਆਈ ਜਾਵੇ। ਇਸ ਤੇ ਨੌਜਵਾਨ ਵੇਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ 300 ਲੋਕਾਂ ਨੂੰ ਰਾਤ ਦੇ ਖਾਣੇ ਨਾਲ ਕੜਾਹ ਪ੍ਰਸ਼ਾਦ ਦੀ ਦੇਗ ਦਿੱਤੀ ਗਈ।

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਿਰਦੇਸ਼ ਹਨ ਕਿ ਸਰਕਾਰੀ ਇਕਾਂਤਵਾਸ ਕੇਂਦਰਾਂ ਵਿਚ ਰਹਿ ਰਹੇ ਲੋਕਾਂ ਨੂੰ ਕੋਈ ਮੁਸਕਿਲ ਨਾ ਆਉਣ ਦਿੱਤੀ ਜਾਵੇ। ਇਸ ਲਈ ਇੰਨ੍ਹਾਂ ਇਕਾਂਤਵਾਸ ਕੇਂਦਰਾਂ ਵਿਚ ਸਾਰੇ ਢੁੱਕਵੇਂ ਇੰਤਜਾਮ ਕੀਤੇ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਬਠਿੰਡਾ ਵਿਚ ਮੈਰੀਟੋਰੀਅਸ ਸਕੂਲ ਅਤੇ ਆਈਐਚਐਮ ਵਿਖੇ ਇਕਾਂਤਵਾਸ ਕੇਂਦਰ ਬਣਾਏ ਹਨ। ਇੰਨ੍ਹਾਂ ਕੇਂਦਰਾਂ ਵਿਚ ਰਹਿ ਰਹੇ ਸਮੂਹ ਯਾਤਰੀਆਂ ਦੀਆਂ ਸੁਖ ਸਹੂਲਤਾਂ ਦਾ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ।

ਐਸਡੀਐਮ ਬਠਿੰਡਾ ਸ: ਅਮਰਿੰਦਰ ਸਿੰਘ ਟਿਵਾਣਾ ਜ਼ੋ ਇੰਨ੍ਹਾਂ ਕੇਂਦਰਾਂ ਦੀ ਨਿਗਰਾਨੀ ਕਰ ਰਹੇ ਹਨ ਨੇ ਦੱਸਿਆ ਕਿ ਯਾਤਰੀਆਂ ਦੀਆਂ ਲੋੜਾਂ ਦਾ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਬੀਤੀ ਸ਼ਾਮ ਕੁਝ ਸ਼ਰਧਾਲੂਆਂ ਨੇ ਕੜਾਹ ਪ੍ਰਸ਼ਾਦ ਖਾਣ ਦੀ ਇੱਛਾ ਜਾਹਿਰ ਕੀਤੀ ਸੀ ਜਿਸ ਤੇ ਅਸੀਂ ਸਮੂਹ ਯਾਤਰੀਆਂ ਲਈ ਹੀ ਇਸਦੀ ਵਿਵਸਥਾ ਕੀਤੀ। ਜਿਸ ਤਹਿਤ ਮੈਰੀਟੋਰੀਅਸ ਸਕੂਲ ਅਤੇ ਆਈਐਚਐਮ ਵਿਖੇ ਇਕਾਂਤਵਾਸ ਵਿਚ ਰੱਖੇ ਸਾਰੇ ਯਾਤਰੀਆਂ ਨੇ ਕੜਾਹ ਪ੍ਰਸ਼ਾਦ ਮਿਲਣ ਤੇ ਕਿਹਾ ਕਿ ਉਨ੍ਹਾਂ ਨੂੰ ਇੱਥੇ ਘਰ ਵਰਗਾ ਖਾਣਾ ਮਿਲ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਯਾਤਰੀਆਂ ਦੇ ਭੋਜਨ ਦੇ ਨਾਲ ਨਾਲ ਯਾਤਰੀਆਂ ਦੇ ਬੱਚਿਆਂ ਲਈ ਖੁਰਾਕ ਤੇ ਵੀ ਵਿਸ਼ੇਸ਼ ਤਵੱਜੋਂ ਦਿੱਤੀ ਜਾਂਦੀ ਹੈ ਅਤੇ ਬੱਚਿਆਂ ਲਈ ਵੱਖਰੇ ਤੌਰ ਤੇ ਦੁੱਧ ਵੀ ਮੁਹਈਆ ਕਰਵਾਇਆ ਜਾਂਦਾ ਹੈ।

I/22006/2020

**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਬਠਿੰਡਾ**

**ਬਠਿੰਡਾ ਜ਼ਿਲ੍ਹੇ ਦੀਆਂ 124 ਹੋਰ ਰਿਪੋਟਾਂ ਪ੍ਰਾਪਤ, 1 ਹੋਰ ਦੀ ਰਿਪੋਰਟ ਆਈ ਪਾਜਿਟਿਵ**

**-ਜ਼ਿਲ੍ਹੇ ਵਿਚ ਕਰੋਨਾ ਨਾਲ ਲੜ ਰਹੇ ਲੋਕਾਂ ਦੀ ਗਿਣਤੀ ਹੋਈ 36**

**-3 ਸ਼ਰਧਾਲੂਆਂ ਦੇ ਨਮੂਨੇ ਬਕਾਇਆ**

**-ਬੱਸਾਂ ਦੇ 67 ਮੈਂਬਰਾਂ ਦੀ ਰਿਪੋਰਟ ਨੈਗੇਟਿਵ**

ਬਠਿੰਡਾ, 4 ਮਈ-

ਬਠਿੰਡਾ ਜ਼ਿਲ੍ਹੇ ਤੋਂ ਕੋਵਿਡ ਟੈਸਟ ਸਬੰਧੀ ਭੇਜੇ 124 ਨਮੂਨਿਆਂ ਦੀ ਰਿਪੋਰਟ ਸੋਮਵਾਰ ਨੂੰ ਪ੍ਰਾਪਤ ਹੋਈ ਹੈ। ਇੰਨ੍ਹਾਂ ਵਿਚੋਂ ਇਕ ਦੀ ਰਿਪੋਰਟ ਪਾਜਿਟਿਵ ਅਤੇ 123 ਦੀ ਰਿਪੋਰਟ ਨੈਗੇਟਿਵ ਮਿਲੀ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਹੁਣ ਜ਼ਿਲ੍ਹੇ ਵਿਚ ਕਰੋਨਾ ਨਾਲ ਲੜ ਰਹੇ ਲੋਕਾਂ ਦੀ ਕੁੱਲ ਗਿਣਤੀ 36 ਹੋ ਗਈ ਹੈ।ਇਹ ਸਾਰੇ ਲੋਕ ਪਿੱਛਲੇ ਦਿਨੀਂ ਪੰਜਾਬ ਤੋਂ ਬਾਹਰ ਤੋਂ ਪਰਤੇ ਸਨ ਅਤੇ ਜ਼ਿਲ੍ਹੇ ਵਿਚ ਦਾਖਲੇ ਤੋਂ ਲੈ ਕੇ ਹੀ ਇੰਨ੍ਹਾਂ ਨੂੰ ਸਰਕਾਰੀ ਨਿਯੰਤਰਨ ਹੇਠ ਸਰਕਾਰੀ ਇਕਾਂਤਵਾਸ ਕੇਂਦਰ ਵਿਚ ਰੱਖਿਆ ਹੋਇਆ ਸੀ ਅਤੇ ਜਿੰਨ੍ਹਾਂ ਦੀ ਰਿਪੋਟ ਪਾਜਿਟਿਵ ਆਈ ਉਨ੍ਹਾਂ ਨੂੰ ਹਸਪਤਾਲ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਜਿੱਥੇ ਉਹ ਠੀਕਠਾਕ ਹਨ।

ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦੱਸਿਆ ਕਿ ਨਾਂਦੇੜ ਸ਼ਾਹਿਬ ਤੋਂ ਪਰਤੇ ਸ਼ਰਧਾਲੂਆਂ ਵਿਚੋਂ 3 ਨੂੰ ਛੱਡ ਕੇ ਸਭ ਦੀ ਰਿਪੋਟ ਪ੍ਰਾਪਤ ਹੋ ਗਈ ਹੈ।ਇੰਨ੍ਹਾਂ ਤਿੰਨ ਦੇ ਸੈਂਪਲਾਂ ਦੀ ਰਿਪੋਟ ਪ੍ਰਾਪਤ ਨਾ ਹੋਣ ਕਰਕੇ ਇੰਨ੍ਹਾਂ ਦੇ ਸੈਂਪਲ ਅੱਜ ਦੁਬਾਰਾ ਭੇਜੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਤੋਂ ਬਿਨ੍ਹਾਂ ਪੀਆਰਟੀਸੀ ਦੇ 67 ਮੈਂਬਰਾਂ ਦੀ ਰਿਪੋਰਟ ਵੀ ਨੈਗੇਟਿਵ ਪ੍ਰਾਪਤ ਹੋ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਜ਼ਿਲ੍ਹਾ ਵਾਸੀਆਂ ਨੂੰ ਸਪੱਸ਼ਟ ਕੀਤਾ ਕਿ ਜਿੰਨ੍ਹਾਂ 36 ਵਿਅਕਤੀਆਂ ਦੀ ਰਿਪੋਰਟ ਪਾਜਿਟਵ ਆਈ ਹੈ ਉਨ੍ਹਾਂ ਸਾਰਿਆਂ ਨੂੰ ਇਕਾਂਤਵਾਸ ਵਿਚ ਰੱਖਿਆ ਹੋਣ ਕਾਰਨ ਉਨ੍ਹਾਂ ਦਾ ਸਥਾਨਕ ਸੰਪਰਕ ਨਹੀਂ ਹੈ ਅਤੇ ਇਸ ਕਾਰਨ ਸਥਾਨਕ ਪੱਧਰ ਤੇ ਬਿਮਾਰੀ ਦੀ ਲਾਗ ਦਾ ਕੋਈ ਸ੍ਰੋਤ ਜ਼ਿਲ੍ਹੇ ਵਿਚ ਨਹੀਂ ਹੈ।ਇਸ ਤੋਂ ਬਿਨ੍ਹਾਂ ਰਾਜਸਥਾਨ ਤੋਂ ਪਰਤੇ ਸਾਰੇ 25 ਵਿਦਿਆਰਥੀਆਂ ਤੋਂ ਇਲਾਵਾ ਰਾਜਸਥਾਨ ਤੋਂ ਪਰਤੇ ਮਜਦੂਰਾਂ ਦੇ ਵੀ ਹਾਲੇ ਤੱਕ ਜਿੰਨ੍ਹੇ ਨਮੂਨਿਆਂ ਦੀ ਰਿਪੋਰਟ ਆਈ ਹੈ ਉਨ੍ਹਾਂ ਸਭ ਦੀ ਰਿਪੋਰਟ ਨੈਗੇਟਿਵ ਮਿਲੀ ਹੈ। ਇਸ ਲਈ ਲੋਕ ਕਿਸੇ ਵੀ ਘਬਰਾਹਟ ਵਿਚ ਨਾ ਆਉਣ ਪਰ ਪ੍ਰਸ਼ਾਸਨ ਦੀਆਂ ਹਦਾਇਤਾਂ ਦਾ ਸਖ਼ਤੀ ਨਾਲ ਪਾਲਣ ਕਰਦੇ ਰਹਿਣ ਅਤੇ ਘਰਾਂ ਦੇ ਅੰਦਰ ਹੀ ਰਹਿਣ। ਛੋਟ ਦੇ ਸਮੇਂ ਦੌਰਾਨ ਬਾਹਰ ਨਿਕਲਦੇ ਸਮੇਂ ਮਾਸਕ ਜਰੂਰ ਪਾਇਆ ਜਾਵੇ ਅਤੇ ਆਪਸੀ ਦੂਰੀ ਬਣਾ ਕੇ ਰੱਖੀ ਜਾਵੇ।ਉਨ੍ਹਾਂ ਨੇ ਸ਼ਰਾਰਤੀ ਤੱਤਾਂ ਨੂੰ ਅਫਵਾਹਾਂ ਫੈਲਾਉਣ ਤੋਂ ਵਰਜਦਿਆਂ ਕਿਹਾ ਕਿ ਜੇਕਰ ਕਿਸੇ ਨੇ ਤੱਥਾਂ ਤੋਂ ਰਹਿਤ ਕੋਈ ਝੂਠੀ ਸੂਚਨਾ ਸ਼ੋਸਲ ਮੀਡੀਆ ਤੇ ਪਾਈ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਸਿਵਲ ਸਰਜਨ ਡਾ: ਅਮਰੀਕ ਸਿੰਘ ਨੇ ਕਿਹਾ ਕਿ ਮਰੀਜ ਦੀ ਆਗਿਆ ਤੋਂ ਬਿਨ੍ਹਾਂ ਉਸਦੀ ਪਹਿਚਾਣ ਪ੍ਰਗਟ ਕਰਨਾ ਗੈਰ ਕਾਨੂੰਨੀ ਹੈ। ਇਸ ਲਈ ਮਰੀਜਾਂ ਸਬੰਧੀ ਨਿੱਜੀ ਜਾਣਕਾਰੀ ਲੋਕ ਪ੍ਰਗਟ ਨਾ ਕਰਨ।ਉਨ੍ਹਾਂ ਨੇ ਕਿਹਾ ਕਿ ਜਿੰਨ੍ਹਾਂ ਦੀ ਰਿਪੋਟ ਪਾਜਿਟਿਵ ਆਈ ਹੈ ਉਹ ਮਾਹਿਰ ਡਾਕਟਰਾਂ ਦੀ ਦੇਖਰੇਖ ਹੇਠ ਹਨ।

I/22144/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਬਠਿੰਡਾ

# ਇਫਕੋ ਵੱਲੋ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਲੋੜਵੰਦਾਂ  ਵਿੱਚ ਵੰਡ ਲਈ ਮਾਸਕ ਅਤੇ ਸੈਨੇਟਾਇਜ਼ਰ ਦੀਆ 1000 ਕਿੱਟਾਂ ਭੇਟ।

## ਕੋਰੋਨਾ ਮਹਾਮਾਰੀ ਖਿਲਾਫ ਲੜਾਈ ਵਿੱਚ ਇਫ਼ਕੋ ਸਰਕਾਰ ਦੀ ਸਹਾਇਤਾ ਲਈ ਵਚਨਬੱਧ : ਚੇਅਰਮੈਨ ਨਕੱਈ

ਬਠਿੰਡਾ, 4 ਮਈ ():

ਦੇਸ਼ ਦੀ ਸਭ ਤੋ ਵੱਡੀ ਖਾਦ ਉਤਪਾਦਕ ਸੰਸਥਾ ਇਫ਼ਕੋ ਨੇ ਦੇਸ਼ ਤੇ ਆਈ ਹਰ ਮੁਸ਼ਕਿਲ ਘੜੀ ਤੇ ਕੁਦਰਤੀ ਆਫਤਾਂ ਸਮੇ ਮੋਹਰਲੀ ਕਤਾਰ ਵਿੱਚ ਖੜੇ ਹੋ ਕੇ ਸਰਕਾਰ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰਦਿਆ ਕਿਸਾਨਾਂ ਅਤੇ ਆਮ ਲੋਕਾਂ ਦੀ ਸਹਾਇਤਾ ਕੀਤੀ ਹੈ। ਇਹਨਾ ਸ਼ਬਦਾਂ ਦਾ ਪ੍ਰਗਟਾਵਾ ਸ: ਬਲਵਿੰਦਰ ਸਿੰਘ ਨਕੱਈ, ਆਲ ਇੰਡੀਆ ਚੇਅਰਮੈਨ ਇਫ਼ਕੋ ਸੰਸਥਾ ਨੇ ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਬੀ ਸ੍ਰੀਨਿਵਾਸਨ ਨਾਲ ਡੀਸੀ ਦਫਤਰ ਬਠਿੰਡਾ ਵਿਖੇ ਮੁਲਾਕਾਤ ਦੋਰਾਨ ਕੀਤਾ। ਇਸ ਮੋਕੇ ਸ: ਨਕੱਈ ਵੱਲੋ ਇਫ਼ਕੋ ਦੀ ਤਰਫੋ ਮਾਸਕ ਅਤੇ ਸੈਨੇਟਾਇਜਰ ਦੀਆ 1000 ਸੁਰੱਖਿਆਂ ਕਿੱਟਾਂ ਲੋੜਵੰਦਾਂ ਅਤੇ ਸਿਹਤ ਕਾਮਿਆਂ ਵਿੱਚ ਵੰਡ ਲਈ ਭੇਂਟ ਕੀਤੀਆ ਗਈਆ।

ਸ: ਨਕੱਈ ਨੇ ਦੱਸਿਆ ਕਿ ਇਫ਼ਕੋ ਵੱਲੋ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਡਾ ਯੂਐਸ ਅਵਸਥੀ ਦੀ ਰਹਿਨੁਮਾਈ ਹੇਠ ਦੇਸ਼ ਭਰ ਵਿੱਚ ਵੱਖ ਵੱਖ ਲੋਕ ਭਲਾਈ ਦੇ ਕਾਰਜ ਸ਼ੁਰੂ ਕੀਤੇ ਗਏ ਹਨ ਤਾ ਜੋ ਕਰੋਨਾ ਮਹਾਮਾਰੀ ਦੇ ਚੱਲਦਿਆ ਸਰਕਾਰ ਵੱਲੋ ਕੀਤੀ ਗਈ ਤਾਲਾਬੰਦੀ ਦੋਰਾਨ ਲੋੜਵੰਦ ਵਿਅਕਤੀਆਂ ਤੱਕ ਸਹਾਇਤਾ ਪਹੁੰਚਾਈ ਜਾ ਸਕੇ।ਜਿਸਦੇ ਤਹਿਤ ਇਫ਼ਕੋ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋ ਰਾਸ਼ਨ ਅਤੇ ਹੋਰ ਲੋੜੀਦੀਆਂ ਵਸਤਾਂ ਦੀ ਵੰਡ ਦੇ ਨਾਲ ਨਾਲ ਦੇਸ਼ ਭਰ ਵਿੱਚ ਸਥਿਤ ਇਫ਼ਕੋ ਕਿਸਾਨ ਸੇਵਾ ਕੇਦਰਾਂ ਅਤੇ ਸੁਸਾਇਟੀਆਂ ਰਾਹੀ ਕਿਸਾਨਾਂ ਨੂੰ ਕਰੋਨਾ ਮਹਾਮਾਰੀ ਸੰਬੰਧੀ ਸੁਚੇਤ ਕੀਤਾ ਜਾ ਰਿਹਾ ਹੈ।

ਇਫਕੋ ਵੱਲੋ ਕਿਸਾਨਾਂ ਦੀ ਜਾਗਰੂਕਤਾਂ ਲਈ ਕਈ ਪ੍ਰਕਾਰ ਦੇ ਪ੍ਰੋਗਰਾਮ ਵਿੱਢੇ ਗਏ ਹਨ, ਜਿਸਦੇ ਤਹਿਤ ਉਨ੍ਹਾ ਨੂੰ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਦੇ ਨਾਲ ਨਾਲ ਮੰਡੀਆਂ ਵਿੱਚ ਫਸਲ ਲਿਜਾਣ ਸਮੇ ਇਸ ਮਹਾਮਾਰੀ ਦੀ ਲਾਗ ਤੋ ਬਚਾਅ ਸੰਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਉਨ੍ਹਾ ਦੱਸਿਆ ਕਿ ਪਿਛਲੇ ਮਹੀਨੇ ਇਫਕੋ ਦੇ ਮੈਨੇਜਿੰਗ ਡਾਇਰੈਕਟਰ ਡਾ ਯੂਐਸ ਅਵਸਥੀ,ਵਾਇਸ ਚੇਅਰਮੈਨ ਦਲੀਪ ਸੰਘਾਣੀ ਅਤੇ ਬੋਰਡ ਮੈਬਰਾਂ ਵੱਲੋ ਕੀਤੀ ਗਈ ਮੀਟਿੰਗ ਦੋਰਾਨ ਕਰੋਨਾ ਮਹਮਾਰੀ ਦੇ ਟਾਕਰੇ ਲਈ ਬਣਾਏ ਗਏ ਸਰਕਾਰੀ ਰਾਹਤ ਫੰਡ ਵਿੱਚ ਇਫਕੋ ਦੀ ਤਰਫੋ ਸਹਾਇਤਾ ਰਾਸ਼ੀ ਦੇਣ ਦਾ ਮਤਾ ਪਾਰਿਤ ਕੀਤਾ ਗਿਆ ਸੀ। ਜਿਸਦੇ ਤਹਿਤ ਸੰਸਥਾ ਵੱਲੋ ਪ੍ਰਧਾਨ ਮੰਤਰੀ ਰਾਹਤ ਫੰਡ ਵਿੱਚ 25 ਕਰੋੜ ਰੁਪਏ ਅਤੇ ਮੁੱਖ ਮੰਤਰੀ ਰਾਹਤ ਫੰਡ ਪੰਜਾਬ ਵਿੱਚ ਇੱਕ ਕਰੋੜ ਰੁਪਏ ਦੀ ਰਾਸ਼ੀ ਦਾ ਯੋਗਦਾਨ ਦਿੱਤਾ ਗਿਆ ਹੈ।

ਇਸ ਮੋਕੇ ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਬੀ ਸ੍ਰੀਨਿਵਾਸਨ ਨੇ ਸ: ਬਲਵਿੰਦਰ ਸਿੰਘ ਨਕੱਈ ਵੱਲੋ ਲੋੜਵੰਦਾਂ ਲਈ ਭੇਟ ਕੀਤੀਆਂ ਗਈਆ ਸੁਰੱਖਿਆ ਕਿੱਟਾਂ ਲਈ ਉਨ੍ਹਾ ਦਾ ਧੰਨਵਾਦ ਕੀਤਾ ਅਤੇ ਇਸਦੇ ਨਾਲ ਹੀ ਇਫ਼ਕੋ ਵੱਲੋ ਕੀਤੇ ਜਾ ਰਹੇ ਲੋਕ ਭਲਾਈ ਦੇ ਕਾਰਜਾ ਦੀ ਸ਼ਲਾਘਾ ਕੀਤੀ। ਉਨ੍ਹਾ ਇਫਕੋ ਦੇ ਮੈਨੇਜਿੰਗ ਡਾਇਰੈਕਟਰ,ਬੋਰਡ ਮੈਬਰਾਂ,ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

I/22145/2020

कार्यालय जिला जन संपर्क अधिकारी बठिंडा

## इफको द्व्रारा डिप्टी कमिश्नर बठिंडा को जरुरतमंदो में वितरण हेतु मास्क व सैनीटाईजर की 1000 किटें भेट

## करोना महामारी के खिलाफ सरकार की सहायता के लिए इफको वचनबद्ध : बलविंदर सिंह नकई

बठिंडा 4 मई :

विशव की सबसे बड़ी खाद उत्पादन करने वाली संस्था इफको ने हमेशा प्रकिर्तिक आपदाओं व अन्य मुश्किल हालातो में भारत सरकार और भारतीय नागरिको की सहायता हेतु आगे बढ़कर अपना योगदान दिया हैं व भविष्य में भी इफको लोगो की सहायता हेतु प्रयासरत रहेगी ; यह शब्द इफको के अखिल भारतीय अध्यक्ष सरदार बलविंदर सिंह नकई ने आज डिप्टी कमिश्नर बठिंडा श्री बी श्रीनिवासन से मुलाकात के समय अपने सम्बोधन में कहे ; इस दौरान सरदार बलविंदर सिंह नकई द्वारा मास्क,सैनीटाईजर, साबुन व विटामिन सी की गोलियों वाली 1000 किटें डिप्टी कमिश्नर बठिंडा को करोना महामारी से निपटने के लिए जरुरतमंदो में वितरण हेतु भेंट की गई ;

सरदार नकई ने कहा कि इफको के प्रबंध निदेशक डा यू एस अवस्थी की योगय रहनुमाई में संस्था द्वारा समस्त भारत वर्ष में करोना महामारी को रोकने हेतु सरकार द्वारा की गयी तालाबंदी के दौरान जरुरतमंदो को राशन व अन्य जरुरी वस्तुए मुहईया करवाने हेतु मुहिम चलाई गयी थी जो की निरंतर चल रही है ;

उन्होंने बताया की इफको के कृषि सेवा केन्द्रो तथा समितियों द्वारा कर्मचारियों के सहयोग से किसानो की भलाई हेतु सुरक्षा व जागरूकता मुहिम चलाई जा रही है जिससे मंडी में अपनी फसल लेकर जाने वाले किसान सामाजिक दूरी की पालना करते हुए करोना की चपेट में आने से अपना बचाव कर सकें ;

चेयरमैन नकई ने जानकारी देते हुए बताया कि इफको के प्रबंध निदेशक डा यू एस अवस्थी, उपाध्यक्ष दिलीप संघानी व समस्त बोर्ड के सदस्यों द्वारा विचार विमर्श उपरांत किये गए फैसले के तहत कोरोना महामारी से निपटने हेतु प्रधानमत्री राहत कोष में 25 करोड़ व मुख्यमंत्री पंजाब राहत कोष में 1 करोड़ की सहायता राशि इफको द्वारा भेजी गयी है ;

डिप्टी कमिश्नर बठिंडा श्री बी श्रीनिवासन द्वारा चेयरमैन सरदार बलविंदर सिंह नकई का उनके द्वारा जरुरतमंदो में वितरण हेतु भेंट की गयी मास्क व सैनीटाईजर किटों के लिए उनका धन्यवाद किया गया और इफको द्वारा किये जा रहे प्रयासों की सराहना की गई ; इस दौरान डिप्टी कमिश्नर ने इफको के प्रबंध निदेशक डा यू एस अवस्थी, उपाध्यक्ष दिलीप संघानी ,समस्त बोर्ड सदस्यों तथा अधिकारयों व कर्मचारियों का उनके द्वारा समाजहित में दिए जा रहे योगदान के लिए धन्यवाद किया

I/22146/2020

O/O District Public Relations Officer- Bathinda

## IFFCO CHAIRMAN B.S. NAKAI HANDOVER 1000 KITS INCLUDING MASKS, SANITIZER & SOAPS TO DEPUTY COMMISSIONER BATHINDA FOR DISTRIBUTION AMONG THE NEEDY.

## IFFCO IS STANDING WITH GOVERNMENT TO FIGHT WITH COVID-19 PANDEMIC: B.S. NAKAI

Bathinda, May 4th, ():

The world's largest fertiliser cooperative Indian Farmers Fertiliser cooperative is always leading from the front to help the county in typical times or natural disasters says IFFCO's all India Chairman S. Balwinder Singh Nakai during his visit to Deputy Commissioner Office Bathinda. S. Nakai Handover donated 1000 protection Kits including Masks, sanitizer & soaps to deputy commissioner Sh. B. Sri Nivasan for distribution among the front line workers & peoples for tackling against covid-19.

S. Nakai stated that under the IFFCO is helping peoples in need by distributing ration & other essentials during this lockdown in the different states of the country under the dynamic leadership of Managing Director Dr. U.S Awasthi.

The farmers service centres, societies & employees of IFFCO are also organising different safety & awareness programs for farmers to avoid the infection of Covid-19 during their visits to the grain markets for selling their crops in this wheat season.

S. Nakai said that IFFCO's Managing Director Dr. U.S. Awasthi, Vice Chairman Dileep Sanghani & entire board of management had decided earlier to donate Rs. 25 Crore towards PM Cares fund & Rs. 1 Crore to CM Relief fund Punjab in the meeting & the same was sent last month.

Deputy Commissioner Bathinda Sh. B.Sri Nivasan give thanks to S. Balwinder singh Nakai for donating Protection kits to fight covid 19 & praised IFFCO efforts in these typical situations. Deputy Commissioner also thanked IFFCO Management & employees for their contribution towards nation to prevent Covid-19 & helping the peoples to fight against this global pandemic.

I/22148/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਬਠਿੰਡਾ

## ਬਠਿੰਡਾ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿਚ ਬਣਨਗੇ ਕੁਆਰਨਟਾਈਨ ਸੈਂਟਰ-ਜ਼ਿਲ੍ਹਾ ਮੈਜਿਸਟ੍ਰੇਟ

ਬਠਿੰਡਾ, 4 ਮਈ-

ਬਠਿੰਡਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਬੀ ਸ੍ਰੀ ਨਿਵਾਸਨ ਆਈਏਐਸ ਨੇ ਇਕ ਹੁਕਮ ਜਾਰੀ ਕਰਕੇ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿਚ ਕੁਆਰਨਟਾਈਨ ਸੈਂਟਰ ਬਣਾਉਣ ਦਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਰਾਜ ਤੋਂ ਬਾਹਰ ਬਹੁਤ ਸਾਰੇ ਪੰਜਾਬ ਦੇ ਲੋਕ ਹਾਲੇ ਵੀ ਫਸੇ ਹੋਏ ਹਨ। ਉਨ੍ਹਾਂ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਵੱਲੋਂ ਹੁਣ ਪ੍ਰਵਾਨਗੀ ਦੇ ਦਿੱਤੀ ਗਈ ਹੈ ਤਾਂ ਜਦ ਉਨ੍ਹਾਂ ਨੂੰ ਵਾਪਸ ਲਿਆਂਦਾ ਜਾਵੇਗਾ ਤਾਂ ਸਰਕਾਰ ਦੇ ਹੁਕਮਾਂ ਅਨੁਸਾਰ ਅਜਿਹੇ ਹਰੇਕ ਨਾਗਰਿਕ ਨੂੰ 21 ਦਿਨ ਲਈ ਸਰਕਾਰੀ ਇਕਾਂਤਵਾਸ ਯਾਨੀ ਕੁਆਰਨਟਾਈਨ ਕੇਂਦਰ ਵਿਚ ਰਹਿਣਾ ਪਵੇਗਾ।ਉਨ੍ਹਾਂ ਨੇ ਕਿਹਾ ਕਿ ਅਜਿਹਾ ਇਸ ਲਈ ਜਰੂਰੀ ਹੈ ਕਿ ਬਾਹਰ ਤੋਂ ਆਉਣ ਵਾਲੇ ਹਰੇਕ ਵਿਅਕਤੀ ਨੂੰ ਪਹਿਲਾਂ 21 ਦਿਨ ਲਈ ਇੱਥੇ ਰੱਖਿਆ ਜਾਵੇਗਾ ਤਾਂ ਜ਼ੋ ਉਸਤੋਂ ਕਿਸੇ ਸਥਾਨਕ ਵਿਅਕਤੀ ਨੂੰ ਬਿਮਾਰੀ ਦੀ ਲਾਗ ਨਾ ਲੱਗ ਜਾਵੇ। ਇਸ ਲਈ ਜਰੂਰਤਾਂ ਦੇ ਮੱਦੇਨਜ਼ਰ ਇਹ ਕੁਆਰਨਟਾਈਨ ਸੈਂਟਰ ਹਰੇਕ ਪਿੰਡ ਵਿਚ ਬਣਾਉਣ ਦਾ ਨਿਰਣਾ ਲਿਆ ਗਿਆ ਹੈ।

ਹੁਕਮਾਂ ਅਨੁਸਾਰ ਪਿੰਡ ਦਾ ਸਰਪੰਚ ਪਿੰਡ ਦੇ ਸਕੂਲ, ਧਰਮਸ਼ਾਲਾ ਜਾਂ ਕਮਿਊਨਿਟੀ ਸੈਂਟਰ ਜ਼ੋ ਵੀ ਥਾਂ ਉਪਲਬੱਧ ਹੋਵੇ ਵਿਖੇ ਇਹ ਸੈਂਟਰ ਸਥਾਪਿਤ ਕਰਦਿਆਂ ਇੱਥੇ ਮੰਜੇ ਬਿਸਤਰੇ, ਪੱਖੇ, ਪੀਣ ਦਾ ਪਾਣੀ, ਖਾਣਾ ਆਦਿ ਦੇ ਇੰਤਜਾਮ ਕਰਣਗੇ ਅਤੇ ਪੰਚਾਇਤ ਸਕੱਤਰ ਇਹ ਸਮਾਨ ਮੁਹਈਆ ਕਰਵਾਉਣ ਵਿਚ ਉਨ੍ਹਾਂ ਦੀ ਮਦਦ ਕਰਣਗੇ।

ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਆਪਣੇ ਬਲਾਕ ਦੇ ਅਜਿਹੇ ਕੁਆਰਨਟਾਈਨ ਸੈਂਟਰਾਂ ਦੇ ਨੋਡਲ ਅਫ਼ਸਰ ਹੋਣਗੇ ਅਤੇ ਉਥੇ ਸਾਰੀਆਂ ਸਹੁਲਤਾਂ ਦੀ ਉਪਲਬੱਧਤਾ ਯਕੀਨੀ ਬਣਾਉਣਗੇ। ਪੁਲਿਸ ਵਿਭਾਗ ਇੰਨ੍ਹਾਂ ਕੇਂਦਰਾਂ

ਵਿਖੇ ਸੁਰੱਖਿਆ ਦੇ ਬੰਦੋਬਸਤ ਕਰੇਗਾ। ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਇੰਨ੍ਹਾਂ ਕੇਂਦਰਾਂ ਵਿਚ ਪੀਣ ਦਾ ਪਾਣੀ ਅਤੇ ਹੋਰ ਸੈਨੀਟੇਸ਼ਨ ਸਹੂਲਤਾਂ ਦਾ ਪ੍ਰਬੰਧ ਕਰੇਗਾ। ਕਾਰਜਕਾਰੀ ਇੰਜਨੀਅਰ ਇਲੈਕਟ੍ਰਿਕ ਵਿੰਗ ਇੰਨ੍ਹਾਂ ਕੇਂਦਰਾਂ ਵਿਚ ਬਿਜਲੀ ਦਾ ਪ੍ਰਬੰਧ ਕਰੇਗਾ।

ਇਸੇ ਤਰਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸੈਕੰਡਰੀ ਆਪਣੇ ਅਧੀਨ ਆਉਂਦੇ ਸਕੂਲਾਂ ਸਬੰਧੀ ਪੰਚਾਇਤਾਂ ਨੂੰ ਹਰ ਮਦਦ ਮੁਹਈਆ ਕਰਵਾਉਣਗੇ। ਸਿਵਲ ਸਰਜ਼ਨ ਵੱਲੋਂ ਇੰਨ੍ਹਾਂ ਕੇਂਦਰਾਂ ਵਿਚ ਰਹਿਣ ਵਾਲੇ ਲੋਕਾਂ ਦਾ ਆਪਣੇ ਸਟਾਫ ਰਾਹੀਂ ਰੋਜਾਨਾ ਮੈਡੀਕਲ ਚੈਕਅੱਪ ਕਰਵਾਇਆ ਜਾਇਆ ਕਰੇਗਾ।

ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਤੇ ਜ਼ਿਲ੍ਹਾ ਅਤੇ ਵਿਕਾਸ ਅਫ਼ਸਰ ਇੰਨ੍ਹਾਂ ਕੇਂਦਰਾਂ ਸਬੰਧੀ ਜ਼ਿਲ੍ਹਾ ਪੱਧਰ ਤੇ ਨੋਡਲ ਅਫ਼ਸਰ ਹੋਣਗੇ। ਇੰਨ੍ਹਾਂ ਸੈਂਟਰਾਂ ਵਿਚ ਸਾਰੀਆਂ ਸਿਹਤ ਸਾਵਧਾਨੀਆਂ ਦੀ ਵਰਤੋਂ ਕਰਨੀ ਲਾਜਮੀ ਹੋਵੇਗੀ ਅਤੇ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨੀ ਲਾਜਮੀ ਹੋਵੇਗੀ।

I/22149/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਬਠਿੰਡਾ

## ਬਠਿੰਡਾ ਜ਼ਿਲ੍ਹੇ ਦੇ ਕਿਸਾਨਾਂ ਦੀਆਂ ਜੇਬਾਂ ਵਿਚ ਪੁੱਜੇ 1100 ਕਰੋੜ ਰੁਪਏ

## -7.26 ਲੱਖ ਟਨ ਕਣਕ ਦੀ ਹੋਈ ਖਰੀਦ

ਬਠਿੰਡਾ, 4 ਮਈ-

ਬਠਿੰਡਾ ਜ਼ਿਲ੍ਹੇ ਦੇ ਕਿਸਾਨਾਂ ਦੀਆਂ ਜੇਬਾਂ ਤੱਕ ਕਣਕ ਵੇਚ ਕੇ ਹੋਈ ਕਮਾਈ ਨਾਲ 1100 ਕਰੋੜ ਰੁਪਏ ਪੁੱਜ ਚੁੱਕੇ ਹਨ। ਜਦ ਕਿ ਜ਼ਿਲ੍ਹੇ ਵਿਚ ਹੁਣ ਤੱਕ 7.26 ਲੱਖ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦਿੱਤੀ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਨੂੰ ਅਦਾਇਗੀ ਤੇਜੀ ਨਾਲ ਕਰਨ ਦੇ ਨਿਰੇਦਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸਾਰੀਆਂ ਏਂਜਸੀਆਂ ਤੇਜੀ ਨਾਲ ਖਰੀਦ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਅਦਾਇਗੀ ਵੀ ਕਰ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਤਵਾਰ ਨੂੰ 31942 ਟਨ ਕਣਕ ਦੀ ਖਰੀਦ ਹੋਈ।

ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਸ: ਮਨਦੀਪ ਸਿੰਘ ਮਾਨ ਨੇ ਦੱਸਿਆ ਕਿ ਪਨਗ੍ਰੇਨ ਨੇ ਹੁਣ ਤੱਕ 207820 ਮੀਟ੍ਰਿਕ ਟਨ, ਮਾਰਕਫੈਡ ਨੇ 185425 ਮੀਟ੍ਰਿਕ ਟਨ, ਪਨਸਪ ਨੇ 163108 ਮੀਟ੍ਰਿਕ ਟਨ, ਪੰਜਾਬ ਰਾਜ ਗੋਦਾਮ ਨਿਗਮ ਨੇ 115300 ਅਤੇ ਭਾਰਤੀ ਖੁਰਾਕ ਨਿਗਮ ਨੇ 54198 ਮੀਟ੍ਰਿਕ ਟਲ ਅਤੇ ਨਿੱਜੀ ਵਪਾਰੀਆਂ ਨੇ 705 ਟਨ ਕਣਕ ਦੀ ਖਰੀਦ ਕੀਤੀ ਹੈ। ਜਦ ਕਿ 503709 ਮੀਟ੍ਰਿਕ ਟਨ ਕਣਕ ਦੀ ਮੰਡੀਆਂ ਵਿਚੋਂ ਲਿਫਟਿੰਗ ਹੋ ਚੁੱਕੀ ਹੈ।

I/22151/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਬਠਿੰਡਾ

# ਸਰਕਾਰੀ ਇਕਾਂਤਵਾਸ ਕੇਂਦਰਾਂ ਵਿਚ ਰਹਿ ਰਹੇ ਲੋਕਾਂ ਨੂੰ ਕੋਈ ਮੁਸਕਿਲ ਨਹੀਂ ਆਉਣ ਦਿੱਤੀ ਜਾਵੇਗੀ- ਬਲਬੀਰ ਸਿੰਘ ਸਿੱਧੂ

## ਸਿਹਤ ਮੰਤਰੀ ਨੇ ਕਿਹਾ ਕਿ ਕਰੋਨਾ ਦਾ ਸਥਾਨਕ ਪਸਾਰ ਹਾਲੇ ਵੀ ਘੱਟ

## - ਰਾਜ ਵਿਚ ਸੋਮਵਾਰ ਸ਼ਾਮ ਤੱਕ ਕਰੋਨਾ ਪਾਜਿਟਿਵ ਕੇਸਾਂ ਦੀ ਗਿਣਤੀ 1232

## ਜ਼ਿਲ੍ਹੇ ਵਿਚ ਕੋਵਿਡ ਇਲਾਜ ਪ੍ਰਬੰਧਨ ਅਤੇ ਓਟ ਕਲੀਨਿਕਾਂ ਦੇ ਕੰਮਕਾਜ ਦੀ ਕੀਤੀ ਸਮੀਖਿਆ

ਬਠਿੰਡਾ, 4 ਮਈ,

ਪੰਜਾਬ ਦੇ ਸਿਹਤ ਮੰਤਰੀ ਸ: ਬਲਬੀਰ ਸਿੰਘ ਸਿੱਧੂ ਨੇ ਅੱਜ ਜ਼ਿਲ੍ਹੇ ਦਾ ਦੌਰਾ ਕਰਕੇ ਜ਼ਿਲ੍ਹੇ ਵਿਚ ਕੋਵਿਡ ਦੇ ਇਲਾਜ ਪ੍ਰਬੰਧਨ ਅਤੇ ਓਟ ਕਲੀਨਿਕਾਂ ਦੇ ਕੰਮਕਾਜ ਦੀ ਸਮੀਖਿਆ ਕੀਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿਹਾ ਕਿ ਪੰਜਾਬ ਵਿਚ ਕੋਵਿਡ ਬਿਮਾਰੀ ਪੂਰੀ ਤਰਾਂ ਕਾਬੂ ਹੇਠ ਹੈ ਅਤੇ ਸਾਡੇ ਸਥਾਨਕ ਮਰੀਜਾਂ ਦੀ ਗਿਣਤੀ ਕਾਫੀ ਘੱਟ ਹੈ।ਉਨ੍ਹਾਂ ਨੇ ਕਿਹਾ ਕਿ ਸਰਕਾਰੀ ਇਕਾਂਤਵਾਸ ਕੇਂਦਰਾਂ ਵਿਚ ਰਹਿ ਰਹੇ ਲੋਕਾਂ ਨੂੰ ਕੋਈ ਮੁਸਕਿਲ ਨਹੀਂ ਆਉਣ ਦਿੱਤੀ ਜਾਵੇਗੀ।

ਸਿਹਤ ਮੰਤਰੀ ਨੇ ਕਿਹਾ ਹੁਣ ਜੋ ਮਰੀਜਾਂ ਦੀ ਗਿਣਤੀ ਵਿਚ ਇਕ ਦਮ ਵਾਧਾ ਹੋਇਆ ਹੈ ਇਹ ਬਾਹਰੋਂ ਆਏ ਲੋਕਾਂ ਕਰਕੇ ਹੈ, ਪਰ ਕਿਉਂਕਿ ਉਨ੍ਹਾਂ ਨੂੰ ਆਉਂਦਿਆਂ ਹੀ ਇਕਾਂਤਵਾਸ ਕਰ ਲਿਆ ਗਿਆ ਸੀ ਇਸ ਲਈ ਇਸ ਨਾਲ ਬਿਮਾਰੀ ਦੇ ਇੰਨ੍ਹਾਂ ਤੋਂ ਅੱਗੇ ਪਸਾਰ ਦਾ ਡਰ ਨਹੀਂ ਹੈ ਅਤੇ ਇਹ ਲੋਕ ਛੇਤੀ ਤੰਦਰੁਸਤ ਹੋ ਕੇ ਆਪਣੇ ਘਰਾਂ ਨੂੰ ਜਾਣਗੇ।ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਤੱਕ 1232 ਪਾਜਿਟਿਵ ਕੇਸ ਆਏ ਹਨ ਅਤੇ ਇਸ ਸਮੇਂ ਐਕਟਿਵ ਕੇਸ 1081 ਹਨ। ਉਨ੍ਹਾਂ ਨੇ ਕਿਹਾ ਕਿ ਇਕਾਂਤਵਾਸ ਕੇਂਦਰਾਂ ਵਿਚ ਸਰਕਾਰ ਵੱਲੋਂ ਹਰ ਪ੍ਰਕਾਰ ਦੀ ਸਵਿਧਾ ਇੱਥੇ ਰਹਿ ਰਹੇ ਲੋਕਾਂ ਨੂੰ ਦਿੱਤੀ ਜਾ ਰਹੀ ਹੈ।

ਇਸੇ ਤਰਾਂ ਸਿਹਤ ਮੰਤਰੀ ਸ: ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਕੋਵਿਡ ਕਾਰਨ ਲੱਗੇ ਕਰਫਿਊ ਦੌਰਾਨ ਰਾਜ ਵਿਚ ਨਸ਼ੇ ਦੇ ਸਪਲਾਈ ਲਾਈਨ ਪੂਰੀ ਤਰਾਂ ਟੁੱਟ ਚੁੱਕੀ ਹੈ ਅਤੇ ਵੱਡੀ ਗਿਣਤੀ ਵਿਚ ਨਸ਼ੇ ਤੋਂ ਪੀੜਤ ਮਰੀਜ ਇਲਾਜ ਲਈ ਸਿਹਤ ਕੇਂਦਰਾਂ ਤੇ ਆ ਰਹੇ ਹਨ। ਉਨ੍ਹਾਂ ਨੇ ਸਿਹਤ ਅਧਿਕਾਰੀਆਂ ਨੂੰ ਕਿਹਾ ਕਿ ਓਟ ਕਲੀਨਿਕਾਂ ਤੇ ਆ ਰਹੇ ਮਰੀਜਾਂ ਦੀ ਚੰਗੀ ਤਰਾਂ ਕਾਉਂਸਲਿੰਗ ਕੀਤੀ ਜਾਵੇ ਤਾਂ ਜ਼ੋ ਉਹ ਦ੍ਰਿੜ ਇੱਛਾ ਸ਼ਕਤੀ ਨਾਲ ਆਪਣੀ ਨਸ਼ੇ ਦੀ ਆਦਤ ਤੋਂ ਨਿਜਾਤ ਪਾ ਕੇ ਆਮ ਸ਼ਹਿਰੀ ਵਰਗੀ ਜਿੰਦਗੀ ਜੀਅ ਸਕਨ।

ਬਾਹਰਲੇ ਰਾਜਾਂ ਤੋਂ ਆਏ ਪੰਜਾਬੀਆਂ ਕਾਰਨ ਕਰੋਨਾ ਮਰੀਜਾਂ ਦੀ ਗਿਣਤੀ ਵਾਧੇ ਬਾਰੇ ਗੱਲ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਦੂਸਰੇ ਰਾਜਾਂ ਤੋਂ ਪੰਜਾਬ ਵਿਚ ਆਉਣ ਵਾਲੇ ਪੰਜਾਬੀ ਸਾਡੇ ਭਰਾ ਹਨ ਅਤੇ ਉਨ੍ਹਾਂ ਦੀ ਦੇਖਭਾਲ

ਕਰਨਾ ਸਾਡਾ ਪਹਿਲਾ ਫਰਜ ਬਣਦਾ ਹੈ। ਉਨ੍ਹਾਂ ਕਿਹਾ ਇਹ ਗਲ ਸਹੀ ਹੈ ਕਿ ਪੰਜਾਬ ਹੋਰਨਾ ਰਾਜਾਂ ਦੇ ਮੁਕਾਬਲੇ ਕੋਰੋਨਾ ਵਾਇਰਸ ਨੂੰ ਕੰਟਰੋਲ ਕਰਨ ਵਿਚ ਬਹੁਤ ਹੀ ਵਧੀਆ ਚੱਲ ਰਿਹਾ ਸੀ ਪਰ 7 ਹਜ਼ਾਰ ਬਾਹਰੋਂ ਆਏ ਲੋਕਾਂ ਕਾਰਨ ਕੋਰੋਨਾ ਦੇ ਕੇਸਾਂ ਵਿਚ ਵਾਧਾ ਜ਼ਰੂਰ ਹੋਇਆ ਪਰ ਉਨ੍ਹਾਂ ਲੋਕਾਂ ਨੂੰ ਕਦੇ ਨਾ ਕਦੇ ਦਾ ਘਰ ਵਾਪਸ ਆਉਣਾ ਹੀ ਸੀ। ਉਨ੍ਹਾਂ ਕਿਹਾ ਕਿ ਜਿਆਦਾਤਰ ਲੋਕਾਂ ਦੀ ਸੈਂਪਲਿੰਗ ਹੋ ਚੁੱਕੀ ਹੈ ਅਤੇ ਕੱਲ ਸ਼ਾਮ ਤੱਕ ਸਾਰੀ ਸੈਂਪਲਿੰਗ ਹੋਣ ਤੋਂ ਬਾਅਦ ਹਾਲਾਤ ਨਾਰਮਲ ਹੋ ਜਾਣਗੇ।

ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਸੈਪਲਾਂ ਦੀ ਟੈਸਟਿੰਗ ਦੀ ਰਫ਼ਤਾਰ ਨੂੰ ਵਧਾਉਣ ਲਈ ਪ੍ਰਾਈਵੇਟ ਲੈਬੋਰਟਰੀ ਵਾਲਿਆਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ ਤਾਂ ਜੋ ਵੱਧ ਤੋ ਵੱਧ ਨਮੂਨਿਆਂ ਦੇ ਨਤੀਜੇ ਜਲਦ ਤੋ ਜਲਦ ਲਏ ਜਾਣ ਅਤੇ ਲੋਕਾਂ ਦਾ ਸਮੇ ਸਿਰ ਇਲਾਜ ਸ਼ੁਰੂ ਕੀਤਾ ਜਾ ਸਕੇ।

ਇਸ ਤੋਂ ਪਹਿਲਾਂ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਅਤੇ ਸਿਹਤ ਵਿਭਾਗ ਸਮੇਤ ਹੋਰ ਅਧਿਕਾਰਆਂ ਨਾਲ ਮੀਟਿੰਗ ਕਰ ਕੇ ਜ਼ਿਲ੍ਹੇ ਵਿਚ ਮੌਜੂਦਾ ਸਥਿਤੀ ਦਾ ਜਾਇਜਾ ਲਿਆ। ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਕੋਲ ਕੋਰੋਨਾ ਨਾਲ ਨਿਪਟਨ ਵਾਲੇ ਸੰਸਾਧਨਾ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿ ਕਿ ਪੀਪੀਈ ਕਿੱਟਾਂ, ਮਾਸਕ, ਸੈਨੇਟਾਈਜ਼ਰ, ਡਿਸਇਨਫੈਕਟਿਡ ਸਪਰੇਅ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਸਾਰੇ ਸੰਸਾਧਨ ਉੱਚਿਤ ਮਾਤਰਾ ਵਿਚ ਉਪਲਬਧ ਹਨ ਅਤੇ ਹਸਪਤਾਲਾਂ ਵਿਚ ਬੈੱਡ ਦੀ ਮਾਤਰਾ ਵਿਚ ਵੀ ਵਾਧਾ ਕੀਤਾ ਗਿਆ ਹੈ।

ਇਸ ਮੌਕੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਸ੍ਰੀ ਬਲਬੀਰ ਸਿੰਘ ਸਿੱਧੂ ਨੇ ਅਗਲੀ ਕਤਾਰ ਵਿੱਚ ਕੰਮ ਕਰ ਰਹੇ ਵਰਕਰਾਂ, ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ, ਸਿਹਤ ਵਿਭਾਗ ਅਤੇ ਉਨ੍ਹਾਂ ਸਾਰੇ ਅਫ਼ਸਰਾਂ ਦੀ ਸ਼ਲਾਘਾ ਕੀਤੀ ਜਿਹੜੇ ਲਗਾਤਾਰ ਕੋਵਿਡ ਖਿਲਾਫ ਲੜਾਈ ਲੜ੍ਹਦੇ ਹੋਏ ਆਪਣਾ ਯੋਗਦਾਨ ਪਾ ਰਹੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਦੂਰੀ ਬਣਾਈ ਰੱਖਣ। ਆਪਣੇ ਹੱਥ ਵਾਰ ਵਾਰ ਧੋਣ ਅਤੇ ਸੈਨੇਟਾਈਜ਼ਰ ਦੀ ਵਰਤੋਂ ਕਰਨ।

ਇਸ ਮੌਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਜ਼ਿਲ੍ਹੇ ਵਿਚ ਕੋਵਿਡ 19 ਦੇ ਇਲਾਜ, ਇਕਾਂਤਵਾਸ ਕੇਂਦਰਾਂ ਅਤੇ ਰਾਹਤ ਕਾਰਜਾਂ ਸਬੰਧੀ ਸਿਹਤ ਮੰਤਰੀ ਨੂੰ ਜਾਣੂ ਕਰਵਾਇਆ। ਇਸ ਮੌਕੇ ਜ਼ਿਲ੍ਹੇ ਦੇ ਐਸ.ਐਸ.ਪੀ. ਡਾ: ਨਾਨਕ ਸਿੰਘ, ਕਮਿਸ਼ਨਰ ਨਗਰ ਨਿਗਮ ਬਿਕਰਮਜੀਤ ਸਿੰਘ ਸ਼ੇਰਗਿੱਲ, ਸਿਵਲ ਸਰਜਨ ਡਾ: ਅਮਰੀਕ ਸਿੰਘ ਆਦਿ ਵੀ ਹਾਜਰ ਸਨ।

I/22152/2020